# ਬੀ ਸੀ ਦੇ ਨਵਜੰਮੇ ਬੱਚਿਆਂ ਦੀ ਜਾਂਚ ਦਾ ਪ੍ਰੋਗਰਾਮ

# BC Newborn Screening Program

ਜਾਣਕਾਰੀ ਸ਼ੀਟ

## ਖੂਨ ਦਾ ਇਕ ਸਾਧਾਰਣ ਟੈੱਸਟ ਤੁਹਾਡੇ ਬੱਚੇ ਦੀ ਜਾਨ ਬਚਾ ਸਕਦਾ ਹੈ



### ਮੇਰੇ ਬੱਚੇ ਦਾ ਟੈੱਸਟ ਕਿਉਂ ਕੀਤਾ ਜਾ ਰਿਹਾ ਹੈ?

ਤੁਹਾਡੇ ਬੱਚੇ ਦੇ ਖੂਨ ਦਾ ਇਕ ਛੋਟਾ ਤੁਪਕਾ ਉਸ ਦੀ ਸਿਹਤ ਬਾਰੇ ਜ਼ਰੂਰੀ ਜਾਣਕਾਰੀ ਲੈਣ ਲਈ ਵਰਤਿਆ ਜਾ ਸਕਦਾ ਹੈ। ਨਵਜੰਮਿਆ ਬੱਚਾ ਸਿਹਤਮੰਦ ਦਿਖਾਈ ਦੇ ਸਕਦਾ ਹੈ ਪਰ ਉਸ ਵਿਚ ਕੋਈ ਬਹੁਤ ਹੀ ਘੱਟ ਹੋਣ ਵਾਲਾ ਪਰ ਗੰਭੀਰ ਵਿਗਾੜ (ਡਿਸਔਰਡਰ) ਹੋ ਸਕਦਾ ਹੈ ਜਿਸ ਬਾਰੇ ਤੁਹਾਨੂੰ ਅਤੇ ਤੁਹਾਡੇ ਡਾਕਟਰ ਨੂੰ ਜਾਂ ਮਿਡਵਾਈਫ ਨੂੰ ਸ਼ਾਇਦ ਨਾ ਪਤਾ ਹੋਵੇ। ਨਵਜੰਮੇ ਬੱਚਿਆਂ ਦੇ ਟੈੱਸਟ ਉਨ੍ਹਾਂ ਬੱਚਿਆਂ ਦਾ ਪਤਾ ਲਾਉਂਦੇ ਹਨ ਜਿਨ੍ਹਾਂ ਵਿਚ ਇਹ ਬਹੁਤ ਘੱਟ ਹੋਣ ਵਾਲੇ ਵਿਗਾੜਾਂ ਵਿੱਚੋਂ ਕੋਈ ਇਕ ਵਿਗਾੜ ਹੋ ਸਕਦਾ ਹੈ। ਜਦੋਂ ਇਨ੍ਹਾਂ ਵਿਗਾੜਾਂ ਦਾ ਛੇਤੀ ਪਤਾ ਲਾ ਲਿਆ ਜਾਂਦਾ ਹੈ ਅਤੇ ਇਲਾਜ ਕਰ ਦਿੱਤਾ ਜਾਂਦਾ ਹੈ ਤਾਂ ਬਾਅਦ ਵਿਚ ਜ਼ਿੰਦਗੀ ਵਿਚ ਹੋਣ ਵਾਲੀਆਂ ਗੰਭੀਰ ਸਿਹਤ ਸਮੱਸਿਆਵਾਂ ਦੇ ਮੌਕੇ ਰੁਕ ਜਾਂਦੇ ਹਨ ਜਾਂ ਘਟ ਜਾਂਦੇ ਹਨ। ਜੇ ਇਲਾਜ ਨਾ ਕੀਤਾ ਜਾਵੇ ਤਾਂ ਇਹ ਵਿਗਾੜ ਗੰਭੀਰ ਦਿਮਾਗੀ ਅਪਾਹਜਤਾ, ਵਧਣ-ਫੁੱਲਣ ਦੀਆਂ ਸਮੱਸਿਆਵਾਂ, ਸਿਹਤ ਸਮੱਸਿਆਵਾਂ ਅਤੇ ਛੋਟੇ ਬੱਚੇ ਦੀ ਅਚਾਨਕ ਮੌਤ ਦਾ ਕਾਰਨ ਬਣ ਸਕਦੇ ਹਨ।

ਬ੍ਰਿਟਿਸ਼ ਕੋਲੰਬੀਆ ਵਿਚ ਹਰ ਸਾਲ ਤਕਰੀਬਨ 40 (ਹਰ 1000 ਪਿੱਛੇ 1) ਬੱਚੇ ਅਜਿਹੇ ਪੈਦਾ ਹੁੰਦੇ ਹਨ ਜਿਨ੍ਹਾਂ ਵਿਚ ਬਹੁਤ ਘੱਟ ਹੋਣ ਵਾਲੇ ਇਨ੍ਹਾਂ ਵਿਗਾੜਾਂ ਵਿੱਚੋਂ ਕੋਈ ਇਕ ਵਿਗਾੜ ਹੁੰਦਾ ਹੈ।

### ਮੇਰੇ ਬੱਚੇ ਦਾ ਟੈੱਸਟ ਕਿਵੇਂ ਕੀਤਾ ਜਾਂਦਾ ਹੈ?

ਤੁਹਾਡੇ ਬੱਚੇ ਦੀ ਅੱਡੀ ਵਿਚ ਸੂਈ ਚੋਭੀ ਜਾਂਦੀ ਹੈ ਅਤੇ ਖੂਨ ਦੇ ਕੁਝ ਤੁਪਕੇ ਲਏ ਜਾਂਦੇ ਹਨ ਅਤੇ ਇਨ੍ਹਾਂ ਨੂੰ ਇਕ ਖਾਸ ਕਾਰਡ ਉੱਪਰ ਰੱਖਿਆ ਜਾਂਦਾ ਹੈ। ਤੁਹਾਡਾ ਬੱਚਾ ਰੋ ਸਕਦਾ ਹੈ ਪਰ ਖੂਨ ਦਾ ਨਮੂਨਾ ਲੈਣ ਨਾਲ ਤੁਹਾਡੇ ਬੱਚੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ। ਤੁਸੀਂ ਖੂਨ ਲੈਣ ਸਮੇਂ ਆਪਣੇ ਬੱਚੇ ਨੂੰ ਫੜ ਕੇ ਅਤੇ ਦੁੱਧ ਚੁੰਘਾ ਕੇ ਉਸ ਦੀ ਮਦਦ ਕਰ ਸਕਦੇ ਹੋ। ਖੂਨ ਦੇ ਨਮੂਨੇ ਨੂੰ ਟੈੱਸਟ ਕਰਨ ਲਈ ਬੀ ਸੀ ਦੇ ਬੱਚਿਆਂ ਦੇ ਹਸਪਤਾਲ ਦੀ ਲੈਬਾਰਟਰੀ ਵਿਚ ਭੇਜਿਆ ਜਾਂਦਾ ਹੈ। ਖੂਨ ਦਾ ਇਹੋ ਇੱਕੋ ਨਮੂਨਾ ਹੀ ਸਾਰੇ ਵਿਗਾੜਾਂ ਲਈ ਜਾਂਚ ਕਰਨ ਲਈ ਵਰਤਿਆ ਜਾਂਦਾ ਹੈ।

### ਜਨਮ ਤੋਂ ਬਾਅਦ ਕਿੰਨੀ ਛੇਤੀ ਮੇਰੇ ਬੱਚੇ ਦਾ ਟੈੱਸਟ ਕੀਤਾ ਜਾਵੇਗਾ?

ਖੂਨ ਦਾ ਨਮੂਨਾ ਆਮ ਤੌਰ 'ਤੇ ਜਨਮ ਤੋਂ ਬਾਅਦ 24 ਅਤੇ 48 ਘੰਟਿਆਂ ਦੇ ਵਿਚਕਾਰ ਲਿਆ ਜਾਵੇਗਾ। ਅਜਿਹਾ ਤੁਹਾਡੇ ਬੱਚੇ ਦੇ ਹਸਪਤਾਲ ਤੋਂ ਜਾਣ ਤੋਂ ਪਹਿਲਾਂ ਕੀਤਾ ਜਾਵੇਗਾ ਜਾਂ ਜੇ ਘਰ ਵਿਚ ਜਨਮ ਹੋਇਆ ਹੈ ਤਾਂ ਤੁਹਾਡੀ ਮਿਡਵਾਈਫ ਵਲੋਂ ਘਰ ਵਿਚ ਕੀਤਾ ਜਾਵੇਗਾ।

### ਜੇ ਮੇਰਾ ਬੱਚਾ 24 ਘੰਟੇ ਦਾ ਹੋਣ ਤੋਂ ਪਹਿਲਾਂ ਘਰ ਚਲਾ ਜਾਵੇ ਤਾਂ ਕੀ ਹੋਵੇਗਾ?

ਖੂਨ ਦਾ ਨਮੂਨਾ ਹਸਪਤਾਲ ਵਿੱਚੋਂ ਜਾਣ ਤੋਂ ਪਹਿਲਾਂ ਲਿਆ ਜਾਵੇਗਾ। 80 ਫੀ ਸਦੀ ਤੋਂ ਜ਼ਿਆਦਾ ਵਿਗਾੜਾਂ ਦੇ ਟੈੱਸਟ ਖੂਨ ਦੇ ਇਸ ਨਮੂਨੇ ਦੀ ਵਰਤੋਂ ਨਾਲ ਕੀਤੇ ਜਾ ਸਕਦੇ ਹਨ। ਤੁਹਾਨੂੰ ਇਸ ਚੀਜ਼ ਸਬੰਧੀ ਹਿਦਾਇਤਾਂ ਦਿੱਤੀਆਂ ਜਾਣਗੀਆਂ ਕਿ ਦੁਬਾਰਾ ਨਮੂਨਾ 2 ਹਫਤਿਆਂ ਵਿਚ ਕਿਵੇਂ ਲਿਆ ਜਾਣਾ ਹੈ। ਦੂਜੇ ਨਮੂਨੇ ਦਾ ਮੰਤਵ ਕੁਝ ਵਿਗਾੜਾਂ ਨੂੰ ਦੁਬਾਰਾ ਚੈੱਕ ਕਰਨਾ ਹੈ ਜਿਹੜੇ ਕਿ ਪਹਿਲੇ (ਅਗੇਤੇ) ਟੈੱਸਟ ਵਿਚ ਖੁੰਝ ਗਏ ਹੋ ਸਕਦੇ ਹਨ।

### ਕੀ ਮੈਂ ਆਪਣੇ ਬੱਚੇ ਦਾ ਟੈੱਸਟ ਬਾਅਦ ਵਿਚ ਕਰਵਾਉਣ ਦੀ ਉਡੀਕ ਕਰ ਸਕਦੀ ਹਾਂ?

ਇਨ੍ਹਾਂ ਇਲਾਜਯੋਗ ਵਿਗਾੜਾਂ ਦਾ ਜਿੰਨਾ ਛੇਤੀ ਪਤਾ ਲੱਗੇ, ਇਨ੍ਹਾਂ ਵਿਗਾੜਾਂ ਵਾਲੇ ਬੱਚਿਆਂ ਲਈ ਓਨੇ ਵਧੀਆ ਨਤੀਜੇ ਨਿਕਲਦੇ ਹਨ। ਇਸ ਚੀਜ਼ ਦੀ ਜ਼ੋਰਦਾਰ ਸਲਾਹ ਦਿੱਤੀ ਜਾਂਦੀ ਹੈ ਕਿ ਤੁਹਾਡਾ ਬੱਚਾ ਖੂਨ ਦੇ ਨਮੂਨੇ ਦਿੱਤੇ ਬਿਨਾਂ ਹਸਪਤਾਲ ਤੋਂ ਨਾ ਜਾਵੇ। ਜੇ ਤੁਸੀਂ ਇਹ ਫੈਸਲਾ ਕਰਦੇ ਹੋ ਕਿ ਤੁਸੀਂ ਨਹੀਂ ਚਾਹੁੰਦੇ ਕਿ ਬੱਚੇ ਦੇ ਹਸਪਤਾਲ ਤੋਂ ਜਾਣ ਤੋਂ ਪਹਿਲਾਂ ਉਸ ਦੇ ਖੂਨ ਦਾ ਨਮੂਨਾ ਲਿਆ ਜਾਵੇ ਤਾਂ ਤੁਹਾਨੂੰ ਇਹ ਦਿਖਾਉਣ ਲਈ ਇਕ ਫਾਰਮ 'ਤੇ ਦਸਤਖਤ ਕਰਨ ਲਈ ਕਿਹਾ ਜਾਵੇਗਾ ਕਿ ਤੁਸੀਂ ਟੈੱਸਟ ਦੇ ਕਾਰਨਾਂ ਨੂੰ ਅਤੇ ਜੇ ਤੁਹਾਡੇ ਬੱਚੇ ਦਾ ਟੈੱਸਟ ਨਾ ਕੀਤਾ ਜਾਵੇ ਅਤੇ ਉਸ ਵਿਚ ਇਨ੍ਹਾਂ ਵਿਗਾੜਾਂ ਵਿੱਚੋਂ ਕੋਈ ਇਕ ਵਿਗਾੜ ਹੋਵੇ ਤਾਂ ਉਸ ਦੇ ਸੰਭਵ ਨਤੀਜਿਆਂ ਨੂੰ ਸਮਝਦੇ ਹੋ।

ਜੇ ਤੁਹਾਡਾ ਬੱਚਾ ਰਜਿਸਟਰਡ ਮਿਡਵਾਈਫ ਦੀ ਸੰਭਾਲ ਹੇਠ ਹੈ ਤਾਂ ਖੂਨ ਦਾ ਨਮੂਨਾ ਘਰ ਵਿਚ ਲੈਣ ਦੇ ਢੰਗਾਂ ਬਾਰੇ ਉਹ ਤੁਹਾਡੇ ਨਾਲ ਵਿਚਾਰ ਕਰ ਸਕਦੀ ਹੈ।

### ਮੈਨੂੰ ਟੈੱਸਟ ਦੇ ਨਤੀਜਿਆਂ ਦਾ ਕਿਵੇਂ ਪਤਾ ਲੱਗੇਗਾ?

ਤੁਹਾਡੇ ਬੱਚੇ ਦੇ ਟੈੱਸਟ ਦੇ ਨਤੀਜੇ ਉਸ ਹਸਪਤਾਲ ਨੂੰ ਦਿੱਤੇ ਜਾਂਦੇ ਹਨ ਜਿੱਥੇ ਤੁਹਾਡਾ ਬੱਚਾ ਪੈਦਾ ਹੋਇਆ ਸੀ ਅਤੇ ਇਹ ਤੁਹਾਡੇ ਬੱਚੇ ਦੇ ਡਾਕਟਰ ਜਾਂ ਮਿਡਵਾਈਫ ਨੂੰ ਵੀ ਦਿੱਤੇ ਜਾਂਦੇ ਹਨ।

### ਜੇ ਟੈੱਸਟ ਨੈਗਟਿਵ ਹੋਵੇ ਤਾਂ ਇਸ ਦਾ ਕੀ ਮਤਲਬ ਹੈ?

ਨੈਗਟਿਵ ਟੈੱਸਟ ਦਾ ਮਤਲਬ ਹੈ ਕਿ ਤੁਹਾਡੇ ਬੱਚੇ ਨੂੰ ਇਨ੍ਹਾਂ ਵਿਗਾੜਾਂ ਵਿੱਚੋਂ ਕੋਈ ਹੋਣ ਦਾ ਖਤਰਾ ਬਹੁਤ ਘੱਟ ਹੈ। ਬਹੁਤ ਹੀ ਘੱਟ ਕੇਸਾਂ ਵਿਚ, ਟੈੱਸਟ ਬੱਚੇ ਵਿਚ ਇਨ੍ਹਾਂ ਵਿਗਾੜਾਂ ਵਿੱਚੋਂ ਕਿਸੇ ਇਕ ਦੇ ਹੋਣ ਦਾ ਪਤਾ ਲਾਉਣ ਤੋਂ ਖੁੰਝ ਸਕਦਾ ਹੈ।

### ਜੇ ਟੈੱਸਟ ਪਾਜ਼ਟਿਵ ਹੋਵੇ ਤਾਂ ਇਸ ਦਾ ਕੀ ਮਤਲਬ ਹੈ ਅਤੇ ਅਗਾਂਹ ਕੀ ਹੁੰਦਾ ਹੈ?

ਪਾਜ਼ਟਿਵ ਟੈੱਸਟ ਇਹ ਦੱਸਦਾ ਹੈ ਕਿ ਕੋਈ ਸਮੱਸਿਆ ਹੋ ਸਕਦੀ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਬੱਚੇ ਨੂੰ ਇਨ੍ਹਾਂ ਵਿਗਾੜਾਂ ਵਿੱਚੋਂ ਕੋਈ ਹੈ, ਪਰ ਅਜਿਹਾ ਹੋਣਾ ਸੰਭਵ ਹੈ। ਹੋਰ ਟੈੱਸਟ ਕਰਨ ਦੀ ਲੋੜ ਹੈ।



ਬੀ ਸੀ ਨਿਊਬੌਰਨ ਸਕਰੀਨਿੰਗ ਪ੍ਰੋਗਰਾਮ, ਬੀ ਸੀ ਦੀਆਂ ਔਰਤਾਂ ਦੇ ਹਸਪਤਾਲ ਅਤੇ ਹੈਲਥ ਸੈਂਟਰ, ਬੀ ਸੀ ਦੇ ਬੱਚਿਆਂ ਦੇ ਹਸਪਤਾਲ ਅਤੇ ਬੀ ਸੀ ਪੈਰੀਨੇਟਲ ਹੈਲਥ ਪ੍ਰੋਗਰਾਮ ਦਾ ਸਾਂਝਾ ਪ੍ਰੋਗਰਾਮ ਹੈ ਜੋ ਕਿ ਸਮੁੱਚੀ ਸੂਬਾਈ ਹੈਲਥ ਸਰਵਿਸਿਜ਼ ਅਥਾਰਟੀ ਦਾ ਹਿੱਸਾ ਹਨ।

Provincial Health Services Authority
Province-wide solutions.
Better health.

## ਕੀ ਇਨ੍ਹਾਂ ਵਿਗਾੜਾਂ ਦੇ ਟੈੱਸਟ ਕਰਨ ਵੇਲੇ ਕਿਸੇ ਹੋਰ ਚੀਜ਼ ਦਾ ਵੀ ਪਤਾ ਲੱਗ ਸਕਦਾ ਹੈ?

ਸਿਕਲ ਸੈੱਲ ਡਿਜ਼ੀਜ਼ ਅਤੇ ਸਿਸਟਿਕ ਫਾਇਬਰੋਸਿਸ ਲਈ ਟੈੱਸਟ ਇਹ ਵੀ ਦੱਸ ਸਕਦੇ ਹਨ ਕਿ ਕੀ ਤੁਹਾਡੇ ਬੱਚੇ ਵਿਚ ਇਨ੍ਹਾਂ ਵਿਗਾੜਾਂ ਵਿੱਚੋਂ ਕੋਈ ਵਿਗਾੜ ਹੈ। ਇਨ੍ਹਾਂ ਵਿਗਾੜਾਂ ਵਾਲੇ ਬੱਚੇ ਤੰਦਰੁਸਤ ਹੁੰਦੇ ਹਨ ਅਤੇ ਉਨ੍ਹਾਂ ਦੇ ਬੀਮਾਰ ਹੋਣ ਦੀ ਸੰਭਾਵਨਾ ਕਿਸੇ ਦੂਜੇ ਬੱਚੇ ਨਾਲੋਂ ਜ਼ਿਆਦਾ ਨਹੀਂ ਹੁੰਦੀ। ਜੇ ਤੁਹਾਡੇ ਵਿਚ ਵਿਗਾੜ ਹੋਵੇ ਤਾਂ ਤੁਹਾਨੂੰ ਇਹ ਪਤਾ ਲਾਉਣ ਲਈ ਹੋਰ ਜਾਣਕਾਰੀ ਦਿੱਤੀ ਜਾਵੇਗੀ ਕਿ ਇਸ ਦਾ ਤੁਹਾਡੇ ਬੱਚੇ ਅਤੇ ਤੁਹਾਡੇ ਲਈ ਅਤੇ ਤੁਹਾਡੇ ਪਰਿਵਾਰ ਲਈ ਕੀ ਮਤਲਬ ਹੈ।

## ਨਵਜੰਮੇ ਬੱਚੇ ਦੇ ਟੈੱਸਟਾਂ ਵਿਚ ਕਿਹੜੇ ਵਿਗਾੜ ਸ਼ਾਮਲ ਹਨ?

ਬ੍ਰਿਟਿਸ਼ ਕੋਲੰਬੀਆ ਵਿਚ, ਬੱਚਿਆਂ ਦੇ 22 ਬਹੁਤ ਘੱਟ ਹੋਣ ਵਾਲੇ ਪਰ ਇਲਾਜਯੋਗ ਵਿਗਾੜਾਂ ਲਈ ਟੈੱਸਟ ਕੀਤਾ ਜਾਂਦਾ ਹੈ। ਇਨ੍ਹਾਂ ਵਿਚ ਸ਼ਾਮਲ ਹਨ:

**ਮੈਟਾਬੌਲਿਕ ਡਿਸਔਰਡਰਜ਼:** ਇਹ ਉਦੋਂ ਹੁੰਦਾ ਹੈ ਜਦੋਂ ਸਰੀਰ, ਖ਼ੁਰਾਕ ਵਿਚਲੇ ਫੈਟਾਂ, ਪ੍ਰੋਟੀਨਾਂ ਜਾਂ ਸ਼ੂਗਰਾਂ ਵਰਗੇ ਕੁਝ ਖਾਸ ਤੱਤਾਂ ਨੂੰ ਤੋੜਨ (ਮੈਟਾਬੌਲਾਇਜ਼ ਕਰਨ) ਦੇ ਯੋਗ ਨਹੀਂ ਹੁੰਦਾ। ਇਹ ਤੱਤ ਸਰੀਰ ਵਿਚ ਜਮ੍ਹਾਂ ਹੋ ਸਕਦੇ ਹਨ ਅਤੇ ਗੰਭੀਰ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ। ਗੰਭੀਰ ਸਿਹਤ ਸਮੱਸਿਆਵਾਂ ਤੋਂ ਆਮ ਤੌਰ 'ਤੇ ਅਗੇਤੇ ਇਲਾਜ ਨਾਲ ਰੋਕਥਾਮ ਕੀਤੀ ਜਾ ਸਕਦੀ ਹੈ।

**ਇੰਡੋਕਰਾਇਨ ਡਿਸਔਰਡਰਜ਼:** ਇੰਡੋਕਰਾਇਨ ਡਿਸਔਰਡਰਜ਼ ਵਾਲੇ ਬੱਚਿਆਂ ਦੇ ਥਾਇਰਾਇਡ ਜਾਂ ਐਡਰੀਨਲ ਗਲੈਂਡਜ਼ ਕੁੱਝ ਖਾਸ ਹਾਰਮੋਨ ਬਹੁਤ ਘੱਟ ਬਣਾਉਂਦੇ ਹਨ। ਇਨ੍ਹਾਂ ਵਿਗਾੜਾਂ ਵਾਲੇ ਬੱਚਿਆਂ ਨੂੰ ਉਨ੍ਹਾਂ ਹਾਰਮੋਨਾਂ ਦੇ ਬਦਲ ਵਜੋਂ ਹਾਰਮੋਨ ਮਿਲ ਸਕਦੇ ਹਨ ਜਿਹੜੇ ਉਨ੍ਹਾਂ ਦੇ ਸਰੀਰ ਨਹੀਂ ਬਣਾਉਂਦੇ। ਥਾਇਰਾਇਡ ਹਾਰਮੋਨ ਦਾ ਬਦਲ, ਵਾਧੇ ਦੀਆਂ ਸਮੱਸਿਆਵਾਂ ਅਤੇ ਦਿਮਾਗੀ ਅਪਾਹਜਤਾ ਤੋਂ ਰੋਕਥਾਮ ਕਰਦਾ ਹੈ। ਐਡਰੀਨਲ ਗਲੈਂਡ ਹਾਰਮੋਨ ਦੇਣ ਨਾਲ ਗੰਭੀਰ ਸਿਹਤ ਸਮੱਸਿਆਵਾਂ ਤੋਂ ਰੋਕਥਾਮ ਹੋ ਸਕਦੀ ਹੈ ਜਿਵੇਂ ਕਿ ਸ਼ਾਕ ਲੱਗਣ ਜਾਂ ਅਣਚਿਤਵੀ ਮੌਤ ਹੋਣ ਤੋਂ।

**ਖ਼ੂਨ ਦੇ ਵਿਗਾੜ:** ਖ਼ੂਨ ਦੇ ਵਿਗਾੜ ਉਦੋਂ ਪੈਦਾ ਹੁੰਦੇ ਹਨ ਜਦੋਂ ਸਰੀਰ ਵਿਚ ਆਕਸੀਜਨ (ਹੀਮੋਗਲੋਬਿਨ) ਲਿਜਾਣ ਵਾਲਾ ਖ਼ੂਨ ਦੇ ਲਾਲ ਸੈੱਲਾਂ ਦਾ ਹਿੱਸਾ ਬਦਲ ਜਾਂਦਾ ਹੈ। ਹੀਮੋਗਲੋਬਿਨ ਮਹੱਤਵਪੂਰਨ ਹੈ ਕਿਉਂਕਿ ਇਹ ਫੇਫੜਿਆਂ ਵਿੱਚੋਂ ਆਕਸੀਜਨ ਲੈਂਦਾ ਹੈ ਅਤੇ ਸਰੀਰ ਦੇ ਦੂਸਰੇ ਹਿੱਸਿਆਂ ਨੂੰ ਲੈ ਕੇ ਜਾਂਦਾ ਹੈ। ਦਵਾਈਆਂ ਅਤੇ ਖਾਸ ਇਲਾਜਾਂ ਨਾਲ ਗੰਭੀਰ ਸਿਹਤ ਸਮੱਸਿਆਵਾਂ ਤੋਂ ਰੋਕਥਾਮ ਕੀਤੀ ਜਾ ਸਕਦੀ ਹੈ।

**ਸਿਸਟਿਕ ਫਾਇਬਰੋਸਿਸ:** ਸਿਸਟਿਕ ਫਾਇਬਰੋਸਿਸ ਵਿਰਸੇ ਵਿਚ ਮਿਲਦਾ ਜ਼ਿੰਦਗੀ ਨੂੰ ਸੀਮਤ ਕਰਨ ਵਾਲਾ ਇਕ ਵਿਗਾੜ ਹੈ। ਇਸ ਨਾਲ ਗਾੜ੍ਹੀ ਲੇਸ ਫੇਫੜਿਆਂ, ਪਾਚਣ-ਸਿਸਟਮ (ਅਤੇ ਪੈਂਕ੍ਰੀਅਸ) ਅਤੇ ਹੋਰ ਅੰਗਾਂ ਵਿਚ ਜਮ੍ਹਾਂ ਹੋ ਜਾਂਦੀ ਹੈ। ਸੀ ਐੱਫ ਵਾਲੇ ਬਹੁਤੇ ਲੋਕਾਂ ਦੀ ਛਾਤੀ ਵਿਚ ਇਨਫੈਕਸ਼ਨ ਹੋ ਜਾਂਦੀ ਹੈ। ਉਨ੍ਹਾਂ ਨੂੰ ਆਪਣਾ ਖਾਣਾ ਪਚਾਉਣ ਵਿਚ ਵੀ ਸਮੱਸਿਆਵਾਂ ਆਉਂਦੀਆਂ ਹਨ ਅਤੇ, ਨਤੀਜੇ ਵਜੋਂ ਉਨ੍ਹਾਂ ਦਾ ਭਾਰ ਓਨਾ ਨਹੀਂ ਵਧਦਾ ਜਿੰਨਾ ਕਿ ਵਧਣਾ ਚਾਹੀਦਾ ਹੈ। ਦਵਾਈਆਂ ਅਤੇ ਸਰੀਰਕ ਥੈਰੇਪੀ ਨਾਲ ਅਗੇਤਾ ਇਲਾਜ ਸ਼ੁਰੂ ਕੀਤਾ ਜਾ ਸਕਦਾ ਹੈ ਜਿਸ ਨਾਲ ਸਿਸਟਿਕ ਫਾਇਬਰੋਸਿਸ ਵਾਲੇ ਬੱਚਿਆਂ ਨੂੰ ਖਾਣਾ ਪਚਾਉਣ ਅਤੇ ਆਪਣੇ ਫੇਫੜਿਆਂ ਨੂੰ ਲੇਸ ਤੋਂ ਸਾਫ ਰੱਖਣ ਵਿਚ ਮਦਦ ਮਿਲਦੀ ਹੈ। ਸੀ ਐੱਫ, ਬੀ ਸੀ ਵਿਚ ਹਰ 3600 ਬੱਚਿਆਂ ਵਿੱਚੋਂ ਇਕ ਨੂੰ ਹੋ ਜਾਂਦੀ ਹੈ।

## ਸਾਰੇ ਟੈੱਸਟਾਂ ਤੋਂ ਬਾਅਦ ਜੇ ਨਤੀਜੇ ਇਹ ਦਿਖਾਉਣ ਕਿ ਮੇਰੇ ਬੱਚੇ ਨੂੰ ਇਨ੍ਹਾਂ ਵਿਗਾੜਾਂ ਵਿੱਚੋਂ ਇਕ ਹੈ ਤਾਂ ਕੀ ਹੋਵੇਗਾ?

ਤੁਹਾਡੇ ਬੱਚੇ ਦਾ ਇਲਾਜ ਉਸ ਡਾਕਟਰ ਤੋਂ ਕਰਵਾਉਣ ਦੀ ਲੋੜ ਪਵੇਗੀ ਜਿਹੜਾ ਵਿਗਾੜ ਦਾ ਮਾਹਰ ਡਾਕਟਰ ਹੈ। ਤੁਹਾਨੂੰ ਫੌਰਨ ਕਿਸੇ ਸਪੈਸ਼ਲਿਸਟ ਕੋਲ ਭੇਜਿਆ ਜਾਵੇਗਾ। ਇਲਾਜ ਕੁਝ ਦਿਨਾਂ ਵਿਚ ਹੀ ਸ਼ੁਰੂ ਹੋ ਸਕਦਾ ਹੈ।

## ਸਾਰੇ ਟੈਸਟ ਮੁਕੰਮਲ ਹੋਣ ਤੋਂ ਬਾਅਦ ਮੇਰੇ ਬੱਚੇ ਦੇ "ਬਲੱਡ ਸਪੌਟ ਕਾਰਡ" ਦਾ ਕੀ ਕੀਤਾ ਜਾਂਦਾ ਹੈ?

ਬਚਦੇ ਖ਼ੂਨ ਵਾਲੇ ਤੁਹਾਡੇ ਬੱਚੇ ਦੇ ਕਾਰਡ ਨੂੰ 10 ਸਾਲ ਲਈ ਭਫ Newborn Screening Program (ਨਵਜਾਤ ਬੱਚਿਆਂ ਦੀ ਜਾਂਚ ਦੇ ਬੀ.ਸੀ. ਦੇ ਪ੍ਰੋਗਰਾਮ) ਵੱਲੋਂ ਇੱਕ ਸੁਰੱਖਿਅਤ ਲਾਕਰ ਵਿੱਚ ਸੰਭਾਲ ਲਿਆ ਜਾਂਦਾ ਹੈ। ਜਾਂਚ ਮੁਕੰਮਲ ਹੋਣ ਤੋਂ ਬਾਅਦ ਕਦੇ-ਕਦਾਰੇ ਖ਼ੂਨ ਦੇ ਸੁੱਕੇ ਕਤਰਿਆਂ ਦੇ ਨਮੂਨਿਆਂ ਨੂੰ ਹੋਰ ਮਕਸਦਾਂ ਲਈ ਵਰਤਿਆ ਜਾ ਸਕਦਾ ਹੈ। ਇਨ੍ਹਾਂ ਵਿੱਚ ਸ਼ਾਮਲ ਹਨ: (1) ਕਿਸੇ ਟੈਸਟ ਦੇ ਨਤੀਜੇ ਪਹਿਲੀ ਵਾਰੀ ਸਪਸ਼ਟ ਨਾ ਹੋਣ ਦੀ ਸੂਰਤ ਵਿੱਚ ਟੈਸਟ ਦੁਬਾਰਾ ਕਰਨਾ; (2) ਬੱਚੇ ਦੀ ਜ਼ਿੰਦਗੀ ਦੌਰਾਨ ਬਾਅਦ ਵਿਚ ਪੈਦਾ ਹੋਈ ਕਿਸੇ ਸਿਹਤ ਸਮੱਸਿਆ ਦੀ ਵਜ੍ਹਾ ਲਾਉਣ ਦੀ ਕੋਸ਼ਿਸ਼ ਕਰਨਾ ਜਾਂ ਬੱਚੇ ਦੀ ਕਿਸੇ ਬਿਮਾਰੀ ਜਾਂ ਮੌਤ ਦੀ ਨਾ ਸਮਝ ਆਉਣ ਵਾਲੀ ਕਿਸੇ ਵਜ੍ਹਾ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰਨਾ; (3) ਇਹ ਪਤਾ ਕਰਨ ਲਈ ਲੈਬਾਟਰੀ ਵੱਲੋਂ ਕੀਤੀ ਜਾਂਚ ਦਾ ਮਿਆਰ ਜਾਂਚਣਾ ਕਿ ਨਤੀਜੇ ਦਰੁਸਤ ਹਨ; ਅਤੇ (4) ਵਿਗਾੜਾਂ ਦੀ ਜਾਂਚ ਲਈ ਚੰਗੇਰੇ ਟੈਸਟ ਵਿਕਸਤ ਕਰਨਾ। ਨਮੂਨਿਆਂ ਦੀ ਵਰਤੋਂ ਸਿਹਤ ਖੋਜ-ਅਧਿਐਨਾਂ ਲਈ ਵੀ ਕੀਤੀ ਜਾ ਸਕਦੀ ਹੈ ਜੇ ਅਜਿਹੇ ਖੋਜ-ਅਧਿਐਨਾਂ ਨੂੰ Clinical Research Ethics Board (ਡਾਕਟਰੀ ਖੋਜਾਂ ਬਾਰੇ ਇਖ਼ਲਾਕੀ ਮਿਆਰਾਂ ਦਾ ਬੋਰਡ) ਵੱਲੋਂ ਮਾਨਤਾ ਮਿਲ ਚੁੱਕੀ ਹੋਵੇ। ਇਨ੍ਹਾਂ ਮਾਮਲਿਆਂ ਵਿੱਚ ਬੱਚੇ ਨਾਲ ਸੰਬੰਧਤ ਸਾਰੀ ਜਾਣਕਾਰੀ ਹਟਾ ਦਿੱਤੀ ਜਾਂਦੀ ਹੈ।

ਜੇ ਤੁਸੀਂ ਉਪ੍ਰੋਕਤ ਮਕਸਦਾਂ ਲਈ ਆਪਣੇ ਬੱਚੇ ਦੇ ਸੰਭਾਲੇ ਗਏ ਨਮੂਨਿਆਂ ਦੀ ਵਰਤੋਂ ਨਹੀਂ ਹੋਣ ਦੇਣਾ ਚਾਹੁੰਦੇ ਤਾਂ ਤੁਸੀਂ Directive to Destroy Leftover Newborn Screening Blood Samples (ਨਵਜਾਤ ਦੀ ਜਾਂਚ ਵਾਲੇ ਖ਼ੂਨ ਦੇ ਬਚੇ ਨਮੂਨਿਆਂ ਨੂੰ ਨਸ਼ਟ ਕਰਨ ਦੀ ਹਿਦਾਇਤ) ਜਾਰੀ ਕਰ ਕੇ ਨਵਜਾਤ ਬੱਚਿਆਂ ਦੀ ਜਾਂਚ ਦੇ ਬੀ.ਸੀ. ਦੇ ਪ੍ਰੋਗਰਾਮ ਨੂੰ ਭੇਜ ਸਕਦੇ ਹੋ। ਵੇਰਵੇ ਲਈ ਵੈੱਬਸਾਈਟ ਵੇਖੋ ਜੀ।

## ਜੇ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੋਵੇ:

ਆਪਣੇ ਡਾਕਟਰ ਜਾਂ ਮਿਡਵਾਈਫ ਨਾਲ ਗੱਲ ਕਰੋ।

**www.newbornscreeningbc.ca** 'ਤੇ ਨਿਊਬੌਰਨ ਸਕਰੀਨਿੰਗ ਵੈੱਬਸਾਈਟ ਦੇਖੋ।

### ਅਸੀਂ ਨਿੱਜੀ ਜਾਣਕਾਰੀ ਨੂੰ ਗੁਪਤ ਰੱਖਣ ਲਈ ਵਚਨਬੱਧ ਹਾਂ:

ਬੀ ਸੀ ਦੇ ਨਵਜੰਮੇ ਬੱਚਿਆਂ ਦੀ ਜਾਂਚ ਦਾ ਪ੍ਰੋਗਰਾਮ, ਨਿੱਜੀ ਜਾਣਕਾਰੀ ਦੀ ਵਰਤੋਂ ਅਤੇ ਇਸ ਦਾ ਪ੍ਰਗਟਾਵਾ ਸਿਰਫ, ਬੀ ਸੀ ਫ੍ਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਐਕਟ ਦੇ ਸੈਕਸ਼ਨ 26 (ਸੀ) ਅਧੀਨ ਅਤੇ ਹੋਰ ਕਾਨੂੰਨਾਂ ਅਧੀਨ ਹੀ ਕਰਦਾ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਸਾਰੇ ਵਾਜਬ ਕਦਮ ਚੁੱਕਦੇ ਹਾਂ ਕਿ ਨਿੱਜੀ ਜਾਣਕਾਰੀ ਗੁਪਤ ਰਹੇ ਅਤੇ ਇਸ ਦੀ ਵਰਤੋਂ ਸਿਰਫ ਸੰਬੰਧਿਤ ਮੰਤਵਾਂ ਲਈ ਹੀ ਹੋਵੇ ਅਤੇ ਇਹ ਸੁਰੱਖਿਅਤ ਤਰੀਕੇ ਨਾਲ ਸਾਂਭੀ ਜਾਵੇ। ਆਪਣੇ ਬੱਚੇ ਦੀ ਨਿੱਜੀ ਜਾਣਕਾਰੀ ਦੇ ਇਕੱਤਰ ਕੀਤੇ ਜਾਣ, ਉਸ ਦੀ ਵਰਤੋਂ ਜਾਂ ਪ੍ਰਗਟਾਵੇ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਵੇ ਤਾਂ ਕਿਰਪਾ ਕਰਕੇ ਬੀ ਸੀ ਨਿਊਬੌਰਨ ਸਕਰੀਨਿੰਗ ਪ੍ਰੋਗਰਾਮ ਨਾਲ (604) 875-2148 'ਤੇ ਸੰਪਰਕ ਕਰੋ।



ਬੀ ਸੀ ਨਿਊਬੌਰਨ ਸਕਰੀਨਿੰਗ ਪ੍ਰੋਗਰਾਮ, ਬੀ ਸੀ ਦੀਆਂ ਔਰਤਾਂ ਦੇ ਹਸਪਤਾਲ ਅਤੇ ਹੈਲਥ ਸੈਂਟਰ, ਬੀ ਸੀ ਦੇ ਬੱਚਿਆਂ ਦੇ ਹਸਪਤਾਲ ਅਤੇ ਬੀ ਸੀ ਪੈਰੀਨੇਟਲ ਹੈਲਥ ਪ੍ਰੋਗਰਾਮ ਦਾ ਸਾਂਝਾ ਪ੍ਰੋਗਰਾਮ ਹੈ ਜੋ ਕਿ ਸਮੁੱਚੀ ਸੂਬਾਈ ਹੈਲਥ ਸਰਵਿਸਿਜ਼ ਅਥਾਰਟੀ ਦਾ ਹਿੱਸਾ ਹਨ।

Provincial Health Services Authority
Province-wide solutions. Better health.